


ਸਾਹਿਤ ਅਕਾਦਮੀ ਦੇ ਪ੍ਰਧਾਨ ਚੰਦਰ ਸ਼ੇਖਰ ਕੰਬਾਰ ਅਤੇ ਸਕੱਤਰ ਕੇ. ਸ੍ਰੀ ਨਿਵਾਸ ਰਾਮਾਨੰਦਾਚਾਰਯ ਸੁਆਮੀ ਰਾਮਭਦਰਾਚਾਰਯ ਦਾ ਸਨਮਾਨ ਕਰਦੇ ਹੋਏ।

# ਸਾਹਿਤ ਅਕਾਦਮੀ ਵਲੋਂ ਰਾਮਾਨੰਦਾਚਾਰਯ ਸੁਆਮੀ ਰਾਮਭਦਰਾਚਾਰਯ ਨੂੰ ਫ਼ੈਲੋਸ਼ਿਪ ਪ੍ਰਦਾਨ

ਨਵੀਂ ਦਿੱਲੀ, 14 ਮਾਰਚ (ਬਲਵਿੰਦਰ ਸਿੰਘ ਸੋਢੀ)- ਸਾਹਿਤ ਅਕਾਦਮੀ ਦੇ ਚੱਲ ਰਹੇ ਸਾਲਾਨਾ ਫੈਸਟੀਵਲ ਆਫ਼ ਲੈਟਰਸਾ 'ਚ ਆਪਣੇ ਸਮਾਗਮ 'ਚ ਸਰਵਉੱਚ ਸਨਮਾਨ ਸਾਹਿਤ ਅਕਾਦਮੀ ਫੈਲੋ ਜਗਤ ਗੁਰੂ ਰਾਮਾਨੰਦਾਚਾਰਯ ਸੁਆਮੀ ਰਾਮਭਦਰਾਚਾਰਯ ਨੂੰ ਪ੍ਰਦਾਨ ਕੀਤਾ। ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀ ਨਿਵਾਸ ਰਾਓ ਨੇ ਰਾਮਾਨੰਦਾਚਾਰਯ ਸੁਆਮੀ ਰਾਮਭਦਰਾਚਾਰਯ ਦੇ ਬਾਰੇ ਵਿਸਥਾਰ ਦੇ ਨਾਲ ਉਨ੍ਹਾਂ ਦੀਆਂ ਸਮੁੱਚੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਸਾਹਿਤ ਅਕਾਦਮੀ ਦੇ ਪ੍ਰਧਾਨ ਚੰਦਰ ਸ਼ੇਖਰ ਕੰਬਾਰ ਨੇ ਉਨ੍ਹਾਂ ਨੂੰ ਇਕ ਵਿਲੱਖਣ ਅਤੇ ਦੈਵੀ ਸ਼ਖ਼ਸੀਅਤ ਦੱਸਿਆ ਅਤੇ ਉਨ੍ਹਾਂ ਨੂੰ ਗਿਆਨ ਸਾਗਰ ਕਿਹਾ। ਅਖੀਰ 'ਚ ਸਾਹਿਤ ਅਕਾਦਮੀ ਦੇ ਉਪ ਪ੍ਰਧਾਨ ਮਾਧਵ ਕੌਸ਼ਿਕ ਨੇ ਸਭ ਦਾ ਧੰਨਵਾਦ ਕੀਤਾ।